# ਸ਼ੌਪਿੰਗ ਬੈਗ




SINGLE-USE & PLASTIC WASTE PREVENTION REGULATION

gov.bc.ca/reuse

**ਸ਼ੌਪਿੰਗ ਬੈਗ ਕੀ ਹੈ?** ਸਮਾਨ ਲਿਜਾਣ ਲਈ ਨਵੇਂ ਬੈਗ (ਜਿਵੇਂ ਕਿ ਗਰੌਸਰੀ ਬੈਗ) ਜਿਹੜੇ ਗਾਹਕਾਂ ਨੂੰ ਅਕਸਰ ਚੈੱਕਆਊਟ ’ਤੇ ਦਿੱਤੇ ਜਾਂਦੇ ਹਨ।

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

20 ਦਸੰਬਰ, 2023 ਤੋਂ, ਕੈਨੇਡਾ ਇਕ ਵਾਰੀ ਵਰਤੇ ਜਾਣ ਵਾਲੇ ਪਲਾਸਟਿਕ ਦੇ ਸ਼ੌਪਿੰਗ ਬੈਗਾਂ (ਖਰੀਦਦਾਰੀ ਲਈ ਬੈਗਾਂ) ਦੀ ਵਰਤੋਂ ਹੌਲੀ ਹੌਲੀ ਬੰਦ ਕਰ ਰਿਹਾ ਹੈ।

**ਮਨ੍ਹਾ**



15 ਜੁਲਾਈ, 2024 ਤੋਂ, ਬੀ.ਸੀ. ਦੇ ਕਾਰੋਬਾਰਾਂ ਲਈ ਨਵੇਂ ਦੁਬਾਰਾ ਵਰਤੇ ਜਾ ਸਕਣ ਵਾਲੇ ਅਤੇ ਨਵੇਂ ਪੇਪਰ ਬੈਗਾਂ ਲਈ ਫੀਸ ਲੈਣਾ ਜ਼ਰੂਰੀ ਹੈ।

**ਫੀਸ ਲੈਣ ਦੀ ਲੋੜ ਹੈ**



## ਤੁਹਾਨੂੰ ਕੀ ਕਰਨ ਦੀ ਲੋੜ ਹੈ

### 1. ਚੈੱਕਆਊਟ ’ਤੇ ਪਲਾਸਟਿਕ ਦੇ ਬੈਗਾਂ ਦੀ ਵਰਤੋਂ ਬੰਦ ਕਰੋ

ਗਾਹਕਾਂ ਨੂੰ ਪਲਾਸਟਿਕ ਦੇ ਇਕ ਵਾਰੀ ਵਰਤੇ ਜਾਣ ਵਾਲੇ ਸ਼ੌਪਿੰਗ ਬੈਗ ਨਾ ਦਿਉ, ਜਿਸ ਵਿਚ ਕੰਪੋਸਟੇਬਲ, ਬਾਇਓਡੀਗਰੇਡੇਬਲ ਜਾਂ ਔਕਸੋ-ਡੀਗਰੇਡੇਬਲ ਪਲਾਸਟਿਕ ਤੋਂ ਬਣੇ ਬੈਗ ਵੀ ਸ਼ਾਮਲ ਹਨ।

### 2. ਗਾਹਕਾਂ ਨੂੰ ਆਪਣੇ ਖੁਦ ਦੇ ਬੈਗ ਵਰਤਣ ਜਾਂ ਬੈਗ ਤੋਂ ਬਿਨਾਂ ਸਮਾਨ ਲਿਜਾਣ ਦੀ ਚੋਣ ਦਿਉ

ਸਾਈਨ ਲਗਾਉ ਜਾਂ ਇਸ ਬਾਰੇ ਰਜਿਸਟਰ ’ਤੇ ਦੱਸੋ। gov.bc.ca/reuse ’ਤੇ ਸਾਡਾ ਦੁਬਾਰਾ ਵਰਤੇ ਜਾਣ ਵਾਲੇ ਬੈਗ ਦਾ ਪੋਸਟਰ ਡਾਊਨਲੋਡ ਕਰੋ।

### 3. ਦੁਬਾਰਾ ਵਰਤੇ ਜਾਣ ਵਾਲੇ ਅਤੇ ਪੇਪਰ ਦੇ ਸ਼ੌਪਿੰਗ ਬੈਗਾਂ ਲਈ ਫੀਸਾਂ ਲਉ

- ਦੁਬਾਰਾ ਵਰਤੇ ਜਾਣ ਵਾਲੇ ਹਰ ਨਵੇਂ ਸ਼ੌਪਿੰਗ ਬੈਗ ਲਈ ਘੱਟੋ ਘੱਟ 2 ਡਾਲਰ ਅਤੇ ਰੀਸਾਇਕਲਡ ਪੇਪਰ ਦੇ ਹਰ ਨਵੇਂ ਸ਼ੌਪਿੰਗ ਬੈਗ ਲਈ 25 ਸੈਂਟ ਲਉ।
- ਗਾਹਕਾਂ ਨੂੰ ਫੀਸ ਬਾਰੇ ਪਹਿਲਾਂ ਦੱਸੋ, ਅਤੇ ਲਈ ਗਈ ਕੋਈ ਵੀ ਫੀਸ ਰਸੀਦਾਂ ਉੱਪਰ ਇਕ ਵੱਖਰੀ ਲਾਈਨ ਆਈਟਮ ਵਜੋਂ ਦਿਖਾਉ।
- ਇਕੱਠੀਆਂ ਕੀਤੀਆਂ ਗਈਆਂ ਫੀਸਾਂ ਤੁਸੀਂ ਆਪਣੀ ਮਰਜ਼ੀ ਮੁਤਾਬਕ ਵਰਤ ਸਕਦੇ ਹੋ: ਉਦਾਹਰਣ ਲਈ ਆਪਣੇ ਖਰਚਿਆਂ ਲਈ, ਜਾਂ ਟੇਕ-ਏ-ਬੈਗ/ਲੀਵ-ਏ-ਬੈਗ ਪ੍ਰੋਗਰਾਮ ਵਿਚ ਇਨਵੈਸਟ ਕਰਨ ਲਈ।

## 4. ਦੁਬਾਰਾ ਵਰਤੇ ਜਾਣ ਵਾਲੇ ਅਤੇ ਪੇਪਰ ਬੈਗਾਂ ਦੀ ਚੋਣ ਧਿਆਨ ਨਾਲ ਕਰੋ

- ਇਹ ਪੱਕਾ ਕਰੋ ਕਿ ਜਿਹੜੇ ਦੁਬਾਰਾ ਵਰਤੇ ਜਾਣ ਵਾਲੇ ਨਵੇਂ ਸ਼ੌਪਿੰਗ ਬੈਗ ਤੁਸੀਂ ਦੇਣੇ ਹਨ ਉਹ ਹੰਢਣਸਾਰ ਹਨ – **ਦੁਬਾਰਾ ਵਰਤੋਂ ਲਈ ਅਤੇ ਘੱਟੋ ਘੱਟ 100 ਵਾਰੀ ਮਸ਼ੀਨ ਵਿਚ ਧੋਤੇ ਜਾਣ ਲਈ ਤਿਆਰ।**
- ਇਹ ਪੱਕਾ ਕਰੋ ਕਿ ਰੀਸਾਇਕਲਡ ਪੇਪਰ ਦੇ ਜਿਹੜੇ ਨਵੇਂ ਸ਼ੌਪਿੰਗ ਬੈਗ ਤੁਸੀਂ ਦੇਣੇ ਹਨ ਉਨ੍ਹਾਂ ਵਿਚ **ਘੱਟੋ ਘੱਟ 40% ਰੀਸਾਇਕਲਡ ਪੇਪਰ** ਹੈ ਅਤੇ ਉਨ੍ਹਾਂ ਉੱਪਰ ਰੀਸਾਇਕਲ ਸਾਮੱਗਰੀ ਦੀ ਮਾਤਰਾ ਦੀ ਪ੍ਰਤੀਸ਼ਤ ਦੇ ਹਵਾਲੇ ਨਾਲ "ਰੀਸਾਇਕਲੇਬਲ" ਦਾ ਲੇਬਲ ਲੱਗਾ ਹੋਇਆ ਹੈ।




## 5. ਰਿਕਾਰਡ ਰੱਖੋ

ਜੇ ਤੁਸੀਂ ਇਕ ਵੱਡਾ ਕਾਰੋਬਾਰ ਹੋ ਜਾਂ ਬੀ.ਸੀ. ਦੇ 500 ਜਾਂ ਜ਼ਿਆਦਾ ਮੁਲਾਜ਼ਮਾਂ ਵਾਲੀ ਕਿਸੇ ਫਰੈਂਚਾਈਜ਼ ਦਾ ਹਿੱਸਾ ਹੋ ਤਾਂ ਉਨ੍ਹਾਂ ਨਵੇਂ ਦੁਬਾਰਾ ਵਰਤੇ ਜਾਣ ਵਾਲੇ ਅਤੇ ਰੀਸਾਇਕਲਡ ਪੇਪਰ ਦੇ ਸ਼ੌਪਿੰਗ ਬੈਗਾਂ ਦੀ ਗਿਣਤੀ ਦੀ ਔਸਤ ਦਾ ਰਿਕਾਰਡ ਰੱਖੋ ਜਿਹੜੇ ਤੁਸੀਂ ਪ੍ਰਤੀ ਸੇਲ ਦਿੰਦੇ ਹੋ। ਰਿਕਾਰਡ ਦੋ ਕਲੰਡਰ ਸਾਲਾਂ ਲਈ ਰੱਖਣੇ ਜ਼ਰੂਰੀ ਹਨ।

## ਨਿਯਮ ਹੇਠ ਇਨ੍ਹਾਂ ਬੈਗਾਂ ਨੂੰ ਛੋਟ ਹੈ, ਅਤੇ ਇਹ ਗਾਹਕਾਂ ਨੂੰ ਮੁਫਤ ਦਿੱਤੇ ਜਾ ਸਕਦੇ ਹਨ।

**ਛੋਟਾਂ**



ਵਰਤੇ ਹੋਏ ਸ਼ੌਪਿੰਗ ਬੈਗ



15 x 20 ਸੈਂਟੀਮੀਟਰ ਨਾਲੋਂ ਘੱਟ ਪੇਪਰ ਦੇ ਛੋਟੇ ਬੈਗ



ਖਾਣੇ ਦੀ ਡਲਿਵਰੀ ਅਤੇ ਡਰਾਈਵ-ਥਰੂ ਆਰਡਰਾਂ ਲਈ ਰੀਸਾਇਕਲਡ ਪੇਪਰ ਦੇ ਬੈਗ, ਪਰ ਟੇਕਆਊਟ ਲਈ ਨਹੀਂ



ਫਲਾਂ ਅਤੇ ਸਬਜ਼ੀਆਂ, ਖੁੱਲ੍ਹੇ ਖਾਣਿਆਂ, ਫੁੱਲਾਂ, ਮੀਟਾਂ ਅਤੇ ਫਰੋਜ਼ਨ ਖਾਣਿਆਂ ਲਈ ਸਟੋਰ ਵਿਚ ਮਿਲਦੇ ਬੈਗ




ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆ ਦਵਾਈਆਂ ਅਤੇ ਮੈਡੀਕਲ ਯੰਤਰਾਂ ਲਈ ਰੀਸਾਇਕਲਡ ਪੇਪਰ ਦੇ ਬੈਗ



ਨੌਨ-ਪਰੌਫਿਟਸ ਵਲੋਂ ਖਾਣਾ ਅਤੇ ਸਫ਼ਾਈ ਦੀਆਂ ਵਸਤਾਂ ਵੰਡਣ ਲਈ ਵਰਤੇ ਜਾਂਦੇ ਦੁਬਾਰਾ ਵਰਤੋਂ ਵਾਲੇ ਬੈਗ ਅਤੇ ਰੀਸਾਇਕਲਡ ਪੇਪਰ ਦੇ ਬੈਗ

## ਇਹ ਤੱਥ ਸ਼ੀਟ, ਨਿਯਮ ਦੀ ਪਾਲਣਾ ਕਰਨ ਵਿਚ ਬੀ.ਸੀ. ਦੇ ਕਾਰੋਬਾਰਾਂ ਦੀ ਮਦਦ ਕਰਨ ਲਈ ਤਿਆਰ ਕੀਤੀ ਗਈ ਇਕ ਟੂਲਕਿੱਟ ਦਾ ਹਿੱਸਾ ਹੈ।

**ਇਕ ਵਾਰੀ ਵਰਤੀਆਂ ਜਾਣ ਵਾਲੀਆਂ ਪਲਾਸਟਿਕਾਂ ਦੇ ਬਦਲ ਲੱਭ ਰਹੇ ਹੋ?** ਬਦਲਾਂ ਲਈ ਸਾਡੀ ਸੌਖੀ ਗਾਈਡ, ਅਤੇ ਇਸ ਦੇ ਨਾਲ ਨਾਲ ਬੰਦਸ਼ਾਂ ਵਾਲੀਆਂ ਹੋਰ ਚੀਜ਼ਾਂ ਬਾਰੇ ਤੱਥ ਸ਼ੀਟਾਂ ਅਤੇ ਹੋਰ ਛਪਣਯੋਗ ਟੂਲਜ਼ ਲਓ – ਜਿਨ੍ਹਾਂ ਵਿਚ ਉਹ ਪੋਸਟਰ ਅਤੇ ਸਾਈਨ ਵੀ ਸ਼ਾਮਲ ਹਨ ਜਿਹੜੇ ਤੁਸੀਂ ਆਪਣੇ ਸਟਾਫ ਅਤੇ ਗਾਹਕਾਂ ਨੂੰ ਜਾਣਕਾਰੀ ਦੇਣ ਲਈ ਵਰਤ ਸਕਦੇ ਹੋ – **gov.bc.ca/reuse** 'ਤੇ।



*ਇਕ ਵਾਰੀ ਵਰਤਣ ਵਾਲੀਆਂ ਚੀਜ਼ਾਂ ਅਤੇ ਪਲਾਸਟਿਕ ਦੇ ਗਾਰਬੇਜ ਤੋਂ ਰੋਕਥਾਮ ਲਈ ਨਿਯਮ ਰਾਹੀਂ, ਬੀ.ਸੀ. ਬਹੁਤ ਸਾਰੀਆਂ ਇਕ ਵਾਰੀ ਵਰਤੀਆਂ ਜਾਣ ਵਾਲੀਆਂ ਪਲਾਸਟਿਕ ਦੀਆਂ ਰੀਸਾਇਕਲ ਕਰਨ ਲਈ ਔਖੀਆਂ ਚੀਜ਼ਾਂ ਨੂੰ ਹੌਲੀ ਹੌਲੀ ਘਟਾ ਰਿਹਾ ਹੈ – ਗਾਰਬੇਜ ਘਟਾਉਂਦੇ ਹੋਏ, ਸਾਡੇ ਵਾਤਾਵਰਣ ਦੀ ਰਖਵਾਲੀ ਕਰਦੇ ਹੋਏ, ਅਤੇ ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਲੋਕਾਂ ਲਈ ਇਕ ਸਾਫ਼-ਸੁਥਰਾ ਭਵਿੱਖ ਬਣਾਉਂਦੇ ਹੋਏ।*

BRITISH COLUMBIA | Ministry of Environment and Climate Change Strategy